REPRESENTATIVE FOR
CHILDREN AND YOUTH
ਰੈਪਰੇਜ਼ਿਨਟੇਟਿਵ ਫਾਰ ਚਿਲਡਰਨ ਐਂਡ ਯੂਥ

# ਐਡਵੋਕੇਸੀ ਤੱਥ ਸ਼ੀਟ

## ਟੀਚਾ

ਇਹ ਪੱਕਾ ਕਰਨਾ ਕਿ ਬੱਚਿਆਂ, ਜਵਾਨਾਂ ਅਤੇ ਜਵਾਨ ਬਾਲਗਾਂ ਦੇ ਹੱਕਾਂ ਅਤੇ ਹਿੱਤਾਂ ਦੀ ਰਾਖੀ ਹੋ ਰਹੀ ਹੈ ਅਤੇ ਇਨ੍ਹਾਂ ਨੂੰ ਕਾਇਮ ਰੱਖਿਆ ਜਾ ਰਿਹਾ ਹੈ, ਅਤੇ ਫੈਸਲੇ ਕਰਨ ਵਾਲਿਆਂ ਵਲੋਂ ਉਨ੍ਹਾਂ ਦੇ ਵਿਚਾਰ ਸੁਣੇ ਅਤੇ ਵਿਚਾਰੇ ਜਾ ਰਹੇ ਹਨ।

## ਆਰ ਸੀ ਵਾਈ ਐਡਵੋਕੇਟ ਕਿਨ੍ਹਾਂ ਦੀ ਮਦਦ ਕਰਦੇ ਹਨ?

ਉਨ੍ਹਾਂ ਬੱਚਿਆਂ ਅਤੇ ਜਵਾਨਾਂ ਦੀ ਜਿਹੜੇ ਸਰਕਾਰ ਵਲੋਂ ਦਿੱਤੀਆਂ ਜਾਣ ਵਾਲੀਆਂ ਜਾਂ ਸਰਕਾਰ ਦੇ ਫੰਡਾਂ ਨਾਲ ਮਿਲਣ ਵਾਲੀਆਂ ਪੜਚੋਲ ਕਰਨ ਯੋਗ ਸੇਵਾਵਾਂ ਜਾਂ ਪ੍ਰੋਗਰਾਮ ਲੈ ਰਹੇ ਹਨ ਜਿਨ੍ਹਾਂ ਵਿਚ ਇਹ ਸੇਵਾਵਾਂ ਸ਼ਾਮਲ ਹਨ: *ਚਾਇਲਡ, ਫੈਮਿਲੀ ਐਂਡ ਕਮਿਊਨਟੀ ਸਰਵਿਸ ਐਕਟ* ਹੇਠ ਸੇਵਾਵਾਂ, ਅਰਲੀ ਚਾਇਲਡਹੁੱਡ ਡਿਵੈਲਪਮੈਂਟ ਜਾਂ ਚਾਇਲਡ ਕੇਅਰ, ਬੱਚਿਆਂ ਲਈ ਨਸ਼ਿਆਂ ਦੀ ਆਦਤ ਬਾਰੇ ਸੇਵਾਵਾਂ, ਬੱਚਿਆਂ ਲਈ ਮਾਨਸਿਕ ਸਿਹਤ ਦੀਆਂ ਸੇਵਾਵਾਂ, ਕਿਸੇ ਰਿਸ਼ਤੇਦਾਰ ਦੇ ਘਰ ਵਿਚ ਬੱਚੇ ਦੀ ਮਦਦ, *ਅਡਾਪਸ਼ਨ ਐਕਟ* ਹੇਠ ਸੇਵਾਵਾਂ, *ਯੂਥ ਜਸਟਿਸ ਐਕਟ* ਹੇਠ ਸੇਵਾਵਾਂ, *ਕਮਿਊਨਟੀ ਲਿਵਿੰਗ ਅਥਾਰਟੀ ਐਕਟ* ਹੇਠ ਸੇਵਾਵਾਂ, ਅਤੇ *ਰੈਪਰੇਜ਼ਿਨਟੇਟਿਵ ਫਾਰ ਚਿਲਡਰਨ ਐਂਡ ਯੂਥ ਐਕਟ* ਹੇਠ ਨਿਯਮਬੱਧ ਹੋਰ ਸੇਵਾਵਾਂ ਜਾਂ ਪ੍ਰੋਗਰਾਮ।

ਪੜਚੋਲ ਕਰਨ ਯੋਗ ਸੇਵਾਵਾਂ ਆਮ ਤੌਰ 'ਤੇ ਮਨਿਸਟਰੀ ਔਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ (ਐੱਮ ਸੀ ਐੱਫ ਡੀ) ਵਲੋਂ ਦਿੱਤੀਆਂ ਜਾਂਦੀਆਂ ਹਨ ਜਾਂ ਇਸ ਦੇ ਫੰਡਾਂ ਨਾਲ ਮਿਲਦੀਆਂ ਹਨ ਜਾਂ ਇਸ ਵਲੋਂ ਅਧਿਕਾਰਤ ਕਿਸੇ ਅਬਰਿਜਨਲ ਏਜੰਸੀ ਵਲੋਂ ਦਿੱਤੀਆਂ ਜਾਂਦੀਆਂ ਹਨ ਅਤੇ ਇਸ ਵਿਚ ਇਨ੍ਹਾਂ ਲਈ ਸੇਵਾਵਾਂ ਸ਼ਾਮਲ ਹਨ:

- ਸੰਭਾਲ ਵਿਚਲੇ ਬੱਚੇ ਅਤੇ ਜਵਾਨ।
- ਕਿਸੇ ਯੂਥ ਐਗਰੀਮੈਂਟ ਹੇਠਲੇ ਜਵਾਨ ਲੋਕ।
- ਕਸਟੱਡੀ ਵਿਚਲੇ ਜਵਾਨ ਲੋਕ।
- ਖਾਸ ਲੋੜਾਂ ਵਾਲੇ ਬੱਚੇ ਅਤੇ ਜਵਾਨ।
- ਬਾਲਗ ਸੇਵਾਵਾਂ ਵੱਲ ਤਬਦੀਲ ਹੋ ਰਹੇ ਖਾਸ ਲੋੜਾਂ ਵਾਲੇ ਜਵਾਨ।
- ਆਪਣੇ 19ਵੇਂ ਤੋਂ 24ਵੇਂ ਜਨਮ ਦਿਨ ਤੱਕ ਦੇ ਜਵਾਨ ਬਾਲਗ ਜਿਹੜੇ ਕਮਿਊਨਟੀ ਲਿਵਿੰਗ ਬੀ ਸੀ ਤੋਂ ਸੇਵਾਵਾਂ ਲੈਣ ਦੇ ਯੋਗ ਹਨ ਅਤੇ ਜਿਨ੍ਹਾਂ ਨੂੰ ਆਪਣੇ 19ਵੇਂ ਜਨਮ ਦਿਨ ਤੋਂ ਬਾਅਦ ਦੇ 15 ਮਹੀਨਿਆਂ ਦੇ ਵਿਚ ਵਿਚ ਪੜਚੋਲ ਕਰਨ ਯੋਗ ਸਰਵਿਸ ਮਿਲੀ ਹੈ।

## ਅਸੀਂ ਬੱਚਿਆਂ, ਜਵਾਨਾਂ ਅਤੇ ਜਵਾਨ ਬਾਲਗਾਂ ਦੀ ਕਿਵੇਂ ਮਦਦ ਕਰ ਸਕਦੇ ਹਾਂ?

- ਹੱਕਾਂ ਬਾਰੇ ਗੱਲ ਕਰਨਾ ਅਤੇ ਜੇ ਇਨ੍ਹਾਂ ਹੱਕਾਂ ਨੂੰ ਅਣਡਿੱਠ ਕੀਤਾ ਜਾ ਰਿਹਾ ਹੋਵੇ ਤਾਂ ਕੀ ਕਰਨਾ ਹੈ।
- ਉਨ੍ਹਾਂ ਸੇਵਾਵਾਂ ਅਤੇ ਪ੍ਰੋਗਰਾਮਾਂ ਨਾਲ ਜੁੜਨ ਵਿਚ ਮਦਦ ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੈ।
- ਇਸ ਤਰੀਕੇ ਨਾਲ ਆਪਣੀ ਗੱਲ ਦੱਸਣ ਵਿਚ ਮਦਦ ਜਿਹੜੀ ਉਨ੍ਹਾਂ ਦੀ ਸਮੱਸਿਆ ਦਾ ਹੱਲ ਕਰ ਸਕਦੀ ਹੈ।
- ਉਨ੍ਹਾਂ ਨੂੰ ਮਿਲਣ ਵਾਲੀ ਸੰਭਾਲ ਅਤੇ ਸੇਵਾਵਾਂ ਅਤੇ ਉਨ੍ਹਾਂ ਬਾਰੇ ਫੈਸਲੇ ਕਰਨ ਦੇ ਵਿਚਾਰ-ਵਟਾਂਦਰੇ ਦਾ ਹਿੱਸਾ ਬਣਨਾ।
- ਐੱਮ ਸੀ ਐੱਫ ਡੀ ਦੀ ਸੰਭਾਲ ਤੋਂ ਤਬਦੀਲੀ ਵਿਚ ਮਦਦ ਕਰਨਾ।
- ਉਨ੍ਹਾਂ ਦੀ ਤਬਦੀਲੀ ਵਿਚ ਮਦਦ ਕਰਨਾ ਜਿਹੜੇ ਕਮਿਊਨਟੀ ਲਿਵਿੰਗ ਬੀ ਸੀ ਦੀਆਂ ਸੇਵਾਵਾਂ ਲਈ ਯੋਗ ਹਨ।

## ਅਸੀਂ ਕੀ ਨਹੀਂ ਕਰ ਸਕਦੇ

- ਮਨਿਸਟਰੀਆਂ, ਬੱਚਿਆਂ ਅਤੇ ਜਵਾਨਾਂ ਨੂੰ ਸਰਵਿਸ ਦੇਣ ਵਾਲੀਆਂ ਸੰਸਥਾਵਾਂ, ਜਾਂ ਸੀ ਐੱਲ ਬੀ ਸੀ ਵਲੋਂ ਕੀਤੇ ਗਏ ਫੈਸਲਿਆਂ ਨੂੰ ਰੱਦ ਕਰਨਾ।
- ਕਿਸੇ ਲਾਅ ਕੋਰਟ ਵਿਚ ਬੱਚਿਆਂ ਅਤੇ ਜਵਾਨਾਂ ਲਈ ਬੋਲਣਾ ਜਾਂ ਉਨ੍ਹਾਂ ਬਾਰੇ ਕੀਤੇ ਜਾਣ ਵਾਲੇ ਕਾਨੂੰਨੀ ਫੈਸਲਿਆਂ 'ਤੇ ਅਸਰ ਪਾਉਣਾ।
- ਕਸਟੱਡੀ ਜਾਂ ਐਕਸੈੱਸ ਦੇ ਮਾਮਲਿਆਂ ਵਿਚ ਬੱਚਿਆਂ ਦੀ ਨੁਮਾਇੰਦਗੀ ਕਰਨਾ ਜਾਂ ਇਨ੍ਹਾਂ ਪ੍ਰਬੰਧਾਂ ਵਿਚ ਤਬਦੀਲੀ ਕਰਨਾ।
- ਬੱਚੇ ਦੀ ਹਿਫਾਜ਼ਤ ਦੀਆਂ ਸੇਵਾਵਾਂ ਪ੍ਰਦਾਨ ਕਰਨਾ।
- ਕਿਸੇ ਰੈਪਰੇਜ਼ਿਨਟੇਸ਼ਨ ਐਗਰੀਮੈਂਟ ਜਾਂ ਕਮੇਟੀਸ਼ਿਪ ਲਈ ਅਰਜ਼ੀ ਵਿਚ ਕਿਸੇ ਜਵਾਨ ਵਿਅਕਤੀ ਦੀ ਤਰਫੋਂ ਕੰਮ ਕਰਨਾ।

ਮੁੱਖ ਦਫਤਰ
Suite 400, 1019 Wharf Street
Victoria, B.C. V8W 2Y9
ਮੁੱਖ ਦਫਤਰ: 250-356-6710

ਟੋਲ ਫ੍ਰੀ: 1-800-476-3933
ਫੈਕਸ: 250-356-0837
ਈਮੇਲ: rcy@rcybc.ca
ਵੈੱਬਸਾਈਟ: www.rcybc.ca

rcybc
rcybcyouth
@rcybc
@rcybcyouth
rcybcyouth